ੴ ਵਾਹਿਗੁਰੂ ਜੀ ਕੀ ਫ਼ਤਹ॥

ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ
ਵੱਲੋਂ ਧਾਰਮਿਕ ਪ੍ਰੀਖਿਆ ਸਬੰਧੀ ਵਜ਼ੀਫਾ ਦੇਣ ਬਾਰੇ

# ਨਿਯਮ

ਧਾਰਮਿਕ ਪ੍ਰੀਖਿਆ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਹੇਠ ਹੋਇਆ ਕਰੇਗੀ। ਇਸ ਪ੍ਰੀਖਿਆ ਦੇ ਚਾਰ ਦਰਜੇ ਹੋਣਗੇ।

| | | |
|---|---|---|
| ਪਹਿਲਾ ਦਰਜਾ | - | ਛੇਵੀਂ ਤੋਂ ਅੱਠਵੀਂ ਤੱਕ |
| ਦੂਜਾ ਦਰਜਾ | - | ਨੌਵੀਂ ਤੋਂ ੧੦+੨ ਤੱਕ |
| ਤੀਜਾ ਦਰਜਾ | - | ਟੀ.ਡੀ. ਸੀ. ੧ ਤੋਂ ਟੀ.ਡੀ.ਸੀ. ੩ ਤੱਕ ਜਾਂ (ਗਰੈਜੂਏਸ਼ਨ) |
| ਚੌਥਾ ਦਰਜਾ | - | ਪੋਸਟ ਗਰੈਜੂਏਸ਼ਨ |

ਦਰਜੇ ਪਹਿਲੇ, ਦੂਜੇ ਦੀ ਪ੍ਰੀਖਿਆ ਹਰ ਸਾਲ ਨਵੰਬਰ ਅਤੇ ਦਰਜੇ ਤੀਜੇ, ਚੌਥੇ ਦੀ ਪ੍ਰੀਖਿਆ ਜਨਵਰੀ ਮਹੀਨੇ ਵਿੱਚ ਹੋਇਆ ਕਰੇਗੀ।

# ਫੀਸ

ਸਕੂਲਾਂ/ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੜ੍ਹਦੇ ਧਾਰਮਿਕ ਪ੍ਰੀਖਿਆ ਵਿਚ ਪ੍ਰਵੇਸ਼ ਕਰਨ ਵਾਲੇ ਵਿਦਿਆਰਥੀ ਪਾਸੋਂ ਹੇਠ ਲਿਖੇ ਅਨੁਸਾਰ ਦਾਖਲਾ ਫੀਸ ਲਈ ਜਾਵੇਗੀ:-

| | | |
|---|---|---|
| ਪਹਿਲਾ ਦਰਜਾ | - | ੦੫) × ਰੁਪਏ |
| ਦੂਜਾ ਦਰਜਾ | - | ੧੦) × ਰੁਪਏ |
| ਤੀਜਾ ਦਰਜਾ | - | ੧੫) × ਰੁਪਏ |
| ਚੌਥਾ ਦਰਜਾ | - | ੨੦) × ਰੁਪਏ |

# ਸ਼ਰਤਾਂ

**ਵਜ਼ੀਫਾ ਪ੍ਰਾਪਤ ਕਰਨ ਦੀਆਂ ਹੇਠ ਲਿਖੀਆਂ ਸ਼ਰਤਾਂ ਹਨ:-**

੧. ਹਰੇਕ ਦਰਜੇ ਦੀ ਧਾਰਮਿਕ ਪ੍ਰੀਖਿਆ ਦੇਣ ਸਮੇਂ ਵਿਦਿਆਰਥੀ ਦਾ ਕਿਸੇ ਵੀ ਸਰਕਾਰੀ/ਗੈਰ ਸਰਕਾਰੀ ਸਕੂਲ, ਕਾਲਜ ਅਤੇ ਯੂਨੀਵਰਸਿਟੀ ਵਿੱਚ ਰੈਗੂਲਰ ਤੌਰ ’ਤੇ ਪੜਦੇ ਹੋਣਾ ਜ਼ਰੂਰੀ ਹੈ।

੨. ਮਿਸ਼ਨਰੀ ਕਾਲਜਾਂ, ਗੁਰਮਤਿ ਕਾਲਜਾਂ, ਯੂਨੀਵਰਸਿਟੀਆਂ ਵਿਚ ਧਰਮ ਅਧਿਐਨ ਕਰਨ ਵਾਲੇ ਵਿਦਿਆਰਥੀ ਧਾਰਮਿਕ ਪ੍ਰੀਖਿਆ ਵਿਚ ਸ਼ਾਮਲ ਨਹੀਂ ਕੀਤੇ ਜਾਣਗੇ।

੩. ਇਹ ਪ੍ਰੀਖਿਆ ਦੇਣ ਲਈ ਸਬੰਧਤ ਵਿਦਿਆਰਥੀ ਦਾ ਚਾਲ-ਚਲਣ ਅਤੇ ਪੜ੍ਹਾਈ ਜਾਰੀ ਰੱਖਣ ਸਬੰਧੀ, ਸਬੰਧਤ ਸੰਸਥਾ ਦੇ ਮੁਖੀ ਦੀ ਤਸਦੀਕ ਹੋਣੀ ਜ਼ਰੂਰੀ ਹੈ। ਜਿਹੜਾ ਵਿਦਿਆਰਥੀ ਸਰਕਾਰੀ ਸਕੂਲ/ਕਾਲਜ ਵਿਚ ਪੜ੍ਹਦਾ ਹੈ, ਉਸਦੀ ਤਸਦੀਕ ਸਕੂਲ/ਕਾਲਜ ਦੇ ਮੁਖੀ ਜਾਂ ਮੈਂਬਰ ਧਰਮ ਪ੍ਰਚਾਰ ਕਮੇਟੀ ਜਾਂ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਿਚੋਂ ਕਿਸੇ ਇੱਕ ਦੀ ਹੋਣੀ ਜ਼ਰੂਰੀ ਹੈ।

੪. ਮਨਸੂਖ ਹੋਇਆ ਵਜ਼ੀਫਾ ਦੁਬਾਰਾ ਜਾਰੀ ਨਹੀਂ ਕੀਤਾ ਜਾਵੇਗਾ। ਜੇਕਰ ਵਿਦਿਆਰਥੀ ਪੜ੍ਹਾਈ ਛੱਡ ਦਿੰਦਾ ਹੈ ਤਾਂ ਵਜ਼ੀਫਾ ਪ੍ਰਾਪਤ ਕਰਨ ਲਈ ਤਸਦੀਕ ਸਬੰਧਤ ਸੰਸਥਾ ਦੇ ਪਹਿਲੇ ਮੁਖੀ / ਪ੍ਰਿੰਸੀਪਲ ਪਾਸੋਂ ਵੀ ਕਰਵਾ ਸਕਦਾ ਹੈ।

੫. ਹਰ ਵਿਦਿਆਰਥੀ ਲਈ ਜ਼ਰੂਰੀ ਹੈ ਕਿ ਪ੍ਰੀਖਿਆ ਵਿਚ ਪ੍ਰਵੇਸ਼ ਕਰਨ ਦੀ ਜਾਚਨਾ ਕਰਨ ਤੋਂ ਪਹਿਲਾਂ ਚੰਗਾ ਹੋਵੇ ਜੇਕਰ ਉਹ "ਅੰਮ੍ਰਿਤਧਾਰੀ" ਹੋਵੇ ਜਾਂ ਘੱਟੋ-ਘੱਟ ਸਾਬਤ ਸੂਰਤ ਜ਼ਰੂਰ ਹੋਵੇ । ਇਹ ਸ਼ਰਤ ਦੂਸਰੇ ਧਰਮਾਂ ਦੇ ਵਿਦਿਆਰਥੀਆਂ ਉਪਰ ਲਾਗੂ ਨਹੀਂ ਹੋਵੇਗੀ।

੬. ਪ੍ਰੀਖਿਆ ਵਿੱਚ ਸ਼ਾਮਲ ਹੋਣ ਵਿਦਿਆਰਥੀਆਂ ਲਈ ਪਾਸ ਹੋਣ ਵਾਸਤੇ ਹਰੇਕ ਪਰਚੇ ਵਿਚੋਂ ੩੩% ਨੰਬਰ ਪ੍ਰਾਪਤ ਕਰਨੇ ਜ਼ਰੂਰੀ ਹਨ।

੭. ਧਾਰਮਿਕ ਪ੍ਰੀਖਿਆ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਸਿਲੇਬਸ ਅਨੁਸਾਰ ਤਿਆਰ ਕੀਤੀਆਂ ਧਾਰਮਿਕ ਪੁਸਤਕਾਂ ਵਿਚੋਂ ਹੀ ਲਈ ਜਾਵੇਗੀ।

## ਦਾਖ਼ਲਾ ਫਾਰਮ

੧. ਦਾਖਲਾ ਫਾਰਮ, ਦਫਤਰ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਪਾਸੋਂ ਮੁਫਤ ਮੰਗਵਾਇਆ ਜਾ ਸਕਦਾ ਹੈ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੈਬ ਸਾਈਟ www.sgpcamritsar.org ਤੋਂ ਦਾਖਲਾ ਫਾਰਮ, ਸਿਲੇਬਸ ਅਤੇ ਵਜ਼ੀਫਿਆਂ ਨਾਲ ਸਬੰਧਤ ਫਾਰਮ ਡਾਊਨਲੋਡ ਕੀਤੇ ਜਾ ਸਕਦੇ ਹਨ।

੨. ਦਾਖਲਾ ਫਾਰਮ ਧਾਰਮਿਕ ਪ੍ਰੀਖਿਆ ਬ੍ਰਾਂਚ ਦੇ E-mail: religiousexam@gmail.com. ਪੁਰ ਮੁਕੰਮਲ ਭਰਕੇ ਭੇਜੇ ਜਾ ਸਕਦੇ ਹਨ। ਦਾਖਲਾ ਫੀਸ ਸਕੱਤਰ, ਧਰਮ ਪ੍ਰਚਾਰ ਕਮੇਟੀ ਦੇ ਨਾਮਪੁਰ ਡਰਾਫਟ, ਮਨੀਆਰਡਰ ਜਾਂ ਪੋਸਟਲ ਆਰਡਰ ਰਾਹੀਂ ਭੇਜੀ ਜਾ ਸਕਦੀ ਹੈ।

੩. ਕਿਸੇ ਵੀ ਜਾਣਕਾਰੀ ਲਈ ਦਫ਼ਤਰ ਦੇ ਇਹਨਾਂ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ:-
੦੧੮੩-੨੫੫੩੯੫੬-੫੭-੫੮-੫੯, ਐਕਸਟੈਨਸ਼ਨ ੩੦੫.

## ਵਜ਼ੀਫੇ

## ਸਰਟੀਫਿਕੇਟ, ਮੈਡਲ, ਵਜ਼ੀਫੇ, ਵਿਸ਼ੇਸ਼ ਇਨਾਮ ਅਤੇ ਸਨਮਾਨ ਚਿੰਨ੍ਹ ਆਦਿ

ਐਲਾਨੇ ਨਤੀਜੇ ਅਨੁਸਾਰ ਧਾਰਮਿਕ ਪ੍ਰੀਖਿਆ ਦੇ ਹਰ ਦਰਜੇ ਵਿੱਚੋਂ ੩੩% ਅੰਕ ਪ੍ਰਾਪਤ ਕਰਕੇ ਪਾਸ ਹੋਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ, ੬੦% ਤੋਂ ੬੯.੯% ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਮੈਡਲ, ੭੦% ਅਤੇ ੭੦% ਤੋਂ ਉਪਰ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਦਰਜੇ ਵਾਈਜ਼ ੧੧੦੦/-, ੨੧੦੦/-, ੩੧੦੦/- ਅਤੇ ੪੧੦੦/- ਰੁਪਏ ਵਜ਼ੀਫਾ ਅਤੇ ਚਾਰੇ ਦਰਜਿਆਂ ਵਿੱਚੋਂ ਪਹਿਲਾ, ਦੂਜਾ, ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਕ੍ਰਮਵਾਰ ੫੧੦੦/-, ੪੧੦੦/- ਅਤੇ ੩੧੦੦/- ਰੁਪਏ ਵਿਸ਼ੇਸ਼ ਇਨਾਮ ਅਤੇ ਸਨਮਾਨ ਚਿੰਨ੍ਹ ਆਦਿ ਦਿੱਤੇ ਜਾਣਗੇ।

# ਸਿਲੇਬਸ

### ਪਹਿਲਾ ਦਰਜਾ

## ਪਰਚਾ ੧ - ਗੁਰਬਾਣੀ ਅਤੇ ਗੁਰ ਇਤਿਹਾਸ

**ਸਮਾਂ: ੩ ਘੰਟੇ** **ਨੰਬਰ ੧੦੦**

| | | |
|---|---|---|
| (ੳ) ਛੋਟੇ ਦਸ ਪ੍ਰਸ਼ਨਾ ਦੇ ਉੱਤਰ ਇੱਕ ਜਾਂ ਦੋ ਫਿਕਰਿਆਂ ਵਿੱਚ ਲਿਖੋ। | (੧੦×੨½) | ੨੫ |
| (ਅ) ਕੰਠ ਬਾਣੀਆਂ- ਜਪੁਜੀ ਸਾਹਿਬ, ਰਹਰਾਸਿ ਅਤੇ ਸੋਹਿਲਾ। | (੨×੧੦) | ੨੦ |
| (ੲ) ਅਰਥ ਬਾਣੀ- ਜਪੁਜੀ ਸਾਹਿਬ। | (੧×੧੫) | ੧੫ |
| (ਸ) ਪਹਿਲੇ ਪੰਜ ਗੁਰੂ ਸਾਹਿਬਾਨ ਦੀਆਂ ਸੰਖੇਪ ਜੀਵਨੀਆਂ। | (੪×੧੦) | ੪੦ |

## ਪਰਚਾ ੨ - ਸਿੱਖ ਇਤਿਹਾਸ ਅਤੇ ਰਹਿਤ ਮਰਯਾਦਾ

**ਸਮਾਂ: ੩ ਘੰਟੇ** **ਨੰਬਰ ੧੦੦**

| | | |
|---|---|---|
| (ੳ) ਛੋਟੇ ਦਸ ਪ੍ਰਸ਼ਨਾ ਦੇ ਉਤਰ ਇੱਕ ਜਾ ਦੋ ਫਿਕਰਿਆਂ ਵਿੱਚ ਲਿਖੋ। | (੧੦×੨½) | ੨੫ |
| (ਅ) ਹੇਠ ਅੰਕਤ ਸ਼ਹੀਦਾਂ ਦੇ ਪ੍ਰਸੰਗ ਤੇ ਜੀਵਨੀਆਂ ਬਾਰੇ ਲਿਖੋ:- ਭਾਈ ਮਤੀਦਾਸ ਜੀ, ਭਾਈ ਮਨੀ ਸਿੰਘ ਜੀ, ਬਾਬਾ ਬੰਦਾ ਸਿੰਘ ਜੀ ਬਹਾਦਰ, ਭਾਈ ਸੁਬੇਗ ਸਿੰਘ ਜੀ, ਭਾਈ ਸ਼ਹਿਬਾਜ ਸਿੰਘ ਜੀ, ਭਾਈ ਤਾਰੂ ਸਿੰਘ ਜੀ। | (੨×੧੦) | ੨੦ |
| (ੲ) ਹੇਠ ਲਿਖਿਆ ਬਾਰੇ ਬਹੁਪੱਖੀ ਜਾਣਕਾਰੀ ਦਿਓ:- ਪੰਜ ਪਿਆਰੇ, ਚਾਰ ਸਾਹਿਬਜ਼ਾਦੇ, ਪੰਜ ਕਕਾਰ, ਅੰਮ੍ਰਿਤ (ਖੰਡੇ ਦੀ ਪਾਹੁਲ), ਕੀਰਤਨ | (੨×੧੦) | ੨੦ |
| (ਸ) ਹੇਠ ਲਿਖਿਆ ਦੀ ਪਰਿਭਾਸ਼ਾ ਅਤੇ ਭਾਵ ਪੂਰਵਕ ਸੰਖੇਪ ਜਾਣਕਾਰੀ ਦਿਓ:- ਸਿੱਖ ਦੀ ਤਾਰੀਫ, ਤਖ਼ਤ ਸਾਹਿਬਾਨ, ਕੁਰਹਿਤਾਂ, ਤਨਖਾਹੀਆ ਅਤੇ ਪਤਿਤ। | (੫×੭) | ੩੫ |

**(ਹਵਾਲਾ ਪੁਸਤਕ ਗੁਰਮਤਿ ਗਿਆਨ ਭਾਗ ਪਹਿਲਾ ਪ੍ਰਕਾਸ਼ਿਤ ਧਰਮ ਪ੍ਰਚਾਰ ਕਮੇਟੀ)।**

* * *

# ਦੂਜਾ ਦਰਜਾ

## ਪਰਚਾ ੧ - ਗੁਰਬਾਣੀ ਅਤੇ ਗੁਰ ਇਤਿਹਾਸ

**ਸਮਾਂ: ੩ ਘੰਟੇ** **ਨੰਬਰ ੧੦੦**

| | | |
|---|---|---|
| (ੳ) ਛੋਟੇ ਦਸ ਪ੍ਰਸ਼ਨਾ ਦੇ ਉਤਰ ਇੱਕ ਜਾ ਦੋ ਫਿਕਰਿਆਂ ਵਿੱਚ ਲਿਖੋ। | (੧੦×੨½) | ੨੫ |
| (ਅ) ਕੰਠ ਬਾਣੀਆਂ:- ਜਪੁਜੀ ਸਾਹਿਬ, ਅਨੰਦ ਸਾਹਿਬ ਸੰਪੂਰਨ, ਦਸ ਸਵੱਯੇ (ਸ੍ਰਾਵਗ ਸੁੱਧ ਪਾ: ਦੱਸਵੀਂ), ਰਹਰਾਸਿ ਅਤੇ ਸੋਹਿਲਾ | (੫×੪) | ੨੦ |
| (ੲ) ਅਰਥ ਬਾਣੀਆਂ:- ਰਹਰਾਸਿ, ਸੋਹਿਲਾ | (੧×੧੫) | ੧੫ |
| (ਸ) ਉਪਰੋਕਤ ਬਾਣੀਆਂ ਸਬੰਧੀ ਪ੍ਰਸ਼ਨ | (੪×੫) | ੨੦ |
| (ਹ) ਪਾਤਸ਼ਾਹੀ ਛੇਵੀਂ ਤੋਂ ਦੱਸਵੀ ਤੱਕ ਗੁਰੂ ਸਾਹਿਬਾਨ ਦਾ ਜੀਵਨ | (੨×੧੦) | ੨੦ |

## ਪਰਚਾ ੨- ਸਿੱਖ ਇਤਿਹਾਸ ਅਤੇ ਰਹਿਤ ਮਰਯਾਦਾ

**ਸਮਾਂ: ੩ ਘੰਟੇ** **ਨੰਬਰ ੧੦੦**

| | | |
|---|---|---|
| (ੳ) ਛੋਟੇ ਦਸ ਪ੍ਰਸ਼ਨਾ ਦੇ ਉਤਰ ਇੱਕ ਜਾ ਦੋ ਫਿਕਰਿਆਂ ਵਿੱਚ ਲਿਖੋ। | (੧੦×੨½) | ੨੫ |
| (ਅ) ਸਿੱਖ ਨਾਇਕਾਂ ਦੀਆਂ ਜੀਵਨੀਆਂ : ਭਾਈ ਦਿਆਲਾ ਜੀ, ਬਾਬਾ ਬੋਤਾ ਸਿੰਘ ਜੀ, ਨਵਾਬ ਕਪੂਰ ਸਿੰਘ ਜੀ, ਸ੍ਰ. ਜੱਸਾ ਸਿੰਘ ਜੀ ਆਹਲੂਵਾਲੀਆ, ਅਕਾਲੀ ਫੂਲਾ ਸਿੰਘ ਜੀ ਅਤੇ ਭਾਈ ਮਹਿਤਾਬ ਸਿੰਘ ਜੀ। | (੨×੧੦) | ੨੦ |
| (ੲ) ਅਠਾਰਵੀਂ ਸਦੀ ਦੇ ਘੱਲੂਘਾਰੇ:-ਛੋਟਾ ਘੱਲੂਘਾਰਾ (੧੭੪੬) ਅਤੇ ਵੱਡਾ ਘੱਲੂਘਾਰਾ (੧੭੬੨)<br>(ਸ) ਇਤਿਹਾਸਕ ਸਿੱਖ ਮਿਸਲਾਂ:-ਆਹਲੂਵਾਲੀਆ, ਸਿੰਘਪੁਰੀਆ, ਰਾਮਗੜੀਆ ਅਤੇ ਮਿਸਲ ਸ਼ਹੀਦਾਂ। | (੨×੧੦) | ੨੦ |
| (ਹ) ਹੇਠ ਲਿਖੇ ਵਿਸ਼ਿਆਂ ਦਾ ਅਧਿਐਨ : ਗੁਰਦੁਆਰਾ, ਮੁਖਵਾਕ ਲੈਣ ਦੀ ਵਿਧੀ, ਸ੍ਰੀ ਅਖੰਡ ਪਾਠ ਅਤੇ ਸਧਾਰਨ ਪਾਠ ਦੀ ਵਿਧੀ। | (੨×੭½) | ੧੫ |
| (ਕ) ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾ, ਸਾਧ ਸੰਗਤ, ਅਰਦਾਸ ਦੀ ਮਹੱਤਤਾ ਅਤੇ ਸਿਮਰਨ। | (੨×੧੦) | ੨੦ |

**(ਹਵਾਲਾ ਪੁਸਤਕ ਗੁਰਮਤਿ ਗਿਆਨ ਭਾਗ ਦੂਜਾ ਪ੍ਰਕਾਸ਼ਿਤ ਧਰਮ ਪ੍ਰਚਾਰ ਕਮੇਟੀ)।**

* * *

# ਤੀਜਾ ਦਰਜਾ

## ਪਰਚਾ ੧ – ਗੁਰਬਾਣੀ ਅਤੇ ਗੁਰ ਇਤਿਹਾਸ

**ਸਮਾਂ: ੩ ਘੰਟੇ** **ਨੰਬਰ ੧੦੦**

| | | | |
|---|---|---|---|
| (ੳ) ਛੋਟੇ ਦਸ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਫਿਕਰਿਆਂ ਵਿੱਚ ਲਿਖੋ। | | (੧੦×੨½) | ੨੫ |
| (ਅ) ਕੰਠ ਬਾਣੀਆਂ:- | ਜਪੁਜੀ ਸਾਹਿਬ, ਜਾਪੁ ਸਾਹਿਬ, ਦਸ ਸਵੱਯੇ (ਸ੍ਰਾਵਗ ਸੁੱਧ) ਰਹਰਾਸਿ ਅਤੇ ਸੋਹਿਲਾ | (੫×੫) | ੨੫ |
| (ੲ) ਅਰਥ ਬਾਣੀਆ:- | ਬਾਰਹ ਮਾਹ ਮਾਝ, ਅਨੰਦ ਸਾਹਿਬ ਅਤੇ ਦਸ ਸਵੱਯੇ (ਸ੍ਰਾਵਗ ਸੁੱਧ)। | (੧×੧੫) | ੧੫ |
| (ਸ) ਉਪਰੋਕਤ (ਅ) ਬਾਣੀਆਂ ਬਾਰੇ ਪ੍ਰਸ਼ਨ ਪੁਛੇ ਜਾਣਗੇ। | | (੩×੫) | ੧੫ |
| (ਹ) ਦਸ ਗੁਰੂ ਸਾਹਿਬਾਨ ਦਾ ਇਤਿਹਾਸ। | | (੨×੧੦) | ੨੦ |

## ਪਰਚਾ ੨ – ਸਿੱਖ ਇਤਿਹਾਸ ਅਤੇ ਰਹਿਤ ਮਰਯਾਦਾ

**ਸਮਾਂ: ੩ ਘੰਟੇ** **ਨੰਬਰ ੧੦੦**

| | | |
|---|---|---|
| (ੳ) ਛੋਟੇ ਦਸ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਫਿਕਰਿਆਂ ਵਿੱਚ ਲਿਖੋ। | (੧੦×੨½) | ੨੫ |
| (ਅ) ਪ੍ਰਸਿੱਧ ਸਿੱਖ ਸ਼ਖਸੀਅਤਾਂ:<br>੧. ਭਾਈ ਮਰਦਾਨਾ ਜੀ, ਬਾਬਾ ਬੁੱਢਾ ਸਾਹਿਬ ਜੀ,<br>੨. ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ ਦੀਆਂ ਜੀਵਨੀਆਂ। | (੧×੧੦) | ੧੦ |
| (ੲ) ਸਿੱਖ ਇਤਿਹਾਸ<br>(ਮਹਾਰਾਜਾ ਰਣਜੀਤ ਸਿੰਘ-ਕਾਲ) ਸਿੱਖਾਂ ਦੀ ਅੰਗਰੇਜਾਂ ਨਾਲ ਪਹਿਲੀ ਅਤੇ ਦੂਜੀ ਜੰਗ। | (੧×੧੫) | ੧੫ |
| (ਸ) ਪੰਜਾਬ ਦੀਆਂ ਲਹਿਰਾਂ:- ਨਾਮਧਾਰੀ ਲਹਿਰ, ਸਿੰਘ ਸਭਾ ਲਹਿਰ,<br>ਗੁਰਦੁਆਰਾ ਸੁਧਾਰ ਲਹਿਰ | (੨×੧੦) | ੨੦ |
| (ਹ) ਸਿੱਖ ਰਹਿਤ ਮਰਯਾਦਾ (ਪ੍ਰਕਾਸ਼ਕ ਸ਼੍ਰੋਮਣੀ ਗੁ:ਪ੍ਰ: ਕਮੇਟੀ) : | (੨×੧੦) | ੨੦ |
| (ਕ) ਅਜ਼ਾਦ ਭਾਰਤ ਦੇ ਸਮੇਂ ਤੋਂ ਸਿੱਖਾਂ ਨਾਲ ਵਾਪਰ ਰਹੇ ਹਾਲਾਤ ਬਾਰੇ ਆਮ ਜਾਣਕਾਰੀ ਦਿਓ। | (੧×੧੦) | ੧੦ |

**(ਹਵਾਲਾ ਪੁਸਤਕ ਗੁਰਮਤਿ ਗਿਆਨ ਭਾਗ ਤੀਜਾ ਪ੍ਰਕਾਸ਼ਿਤ ਧਰਮ ਪ੍ਰਚਾਰ ਕਮੇਟੀ)।**

* * *

# ਚੌਥਾ ਦਰਜਾ

## ਪਰਚਾ ੧ ਗੁਰਬਾਣੀ ਅਤੇ ਗੁਰ ਇਤਿਹਾਸ

**ਸਮਾਂ ੩ ਘੰਟੇ** **ਨੰਬਰ ੧੦੦**

| | | |
|---|---|---|
| (ੳ) ਛੋਟੇ ਦਸ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਫਿਕਰਿਆਂ ਵਿੱਚ ਲਿਖੋ। | (੧੦×੨½) | ੨੫ |
| (ਅ) ਕੰਠ ਬਾਣੀਆ :- ਜਪੁਜੀ ਸਾਹਿਬ, ਅਨੰਦ ਸਾਹਿਬ,<br>ਜਾਪੁ ਸਾਹਿਬ ਤੇ ਬਾਰਹ ਮਾਹ ਮਾਝ। | (੩×੫) | ੧੫ |
| (ੲ) ਅਰਥ ਬਾਣੀਆਂ:- ਆਸਾ ਦੀ ਵਾਰ ਅਤੇ ਸਿਧ ਗੋਸਟਿ। | (੧×੧੦) | ੧੦ |
| (ਸ) ਉਪਰੋਕਤ (ਅ) (ੲ) ਬਾਣੀਆਂ ਬਾਰੇ ਜਨਰਲ ਪ੍ਰਸ਼ਨ ਪੁਛੇ ਜਾਣਗੇ। | (੪×੫) | ੨੦ |
| (ਹ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ-ਕਾਰਜ,<br>ਬਾਣੀਕਾਰ ਅਤੇ ਗੁਰਤਾਗੱਦੀ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿਓ। | (੩×੧੦) | ੩੦ |

## ਪਰਚਾ ੨ ਸਿੱਖ ਇਤਿਹਾਸ ਅਤੇ ਰਹਿਤ ਮਰਯਾਦਾ

**ਸਮਾਂ ੩ ਘੰਟੇ** **ਨੰਬਰ ੧੦੦**

| | | |
|---|---|---|
| (ੳ) ਛੋਟੇ ਦਸ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਫਿਕਰਿਆਂ ਵਿੱਚ ਲਿਖੋ। | (੧੦×੨½) | ੨੫ |
| (ਅ) ਜੀਵਨੀਆਂ ਭਗਤ ਸਹਿਬਾਨ, ਪ੍ਰਸਿੱਧ ਸਿੱਖ ਨਾਇਕ ਅਤੇ ਵਿਅਕਤੀ:-<br>ਬਾਬਾ ਸ਼ੇਖ ਫਰੀਦ ਜੀ, ਭਗਤ ਨਾਮਦੇਵ ਜੀ, ਭਗਤ ਕਬੀਰ ਜੀ, ਭਗਤ ਧੰਨਾ ਜੀ,<br>ਮਾਤਾ ਭਾਗੋ ਜੀ, ਬੀਬੀ ਵੀਰੋ ਜੀ, ਬੀਬੀ ਭਾਨੀ ਜੀ ਅਤੇ ਭਾਈ ਘਨੱਈਆ ਜੀ। | (੧×੧੦) | ੧੦ |
| (ੲ) ਅਠਾਰਵੀਂ ਅਤੇ ਉਨੀਵੀਂ ਸਦੀ ਦਾ ਸਿੱਖ ਇਤਿਹਾਸ। | (੨×੧੦) | ੨੦ |
| (ਸ) ਸਿੱਖ ਰਹਿਤ ਮਰਯਾਦਾ (ਪ੍ਰਕਾਸ਼ਕ ਸ਼੍ਰੋਮਣੀ ਗੁ:ਪ੍ਰ: ਕਮੇਟੀ)।<br>ਸਿੱਖ ਤਿਉਹਾਰ:- ਮਾਘੀ, ਹੋਲਾ ਮਹੱਲਾ, ਵੈਸਾਖੀ ਅਤੇ ਬੰਦੀ-ਛੋੜ ਦਿਵਸ। | (੨×੧੦) | ੨੦ |
| (ਹ) ਅਕਾਲ ਪੁਰਖ, ਗੁਰਮੁੱਖ, ਹਉਮੈ,<br>ਸੇਵਾ ਤੇ ਸਿਮਰਨ ਆਦਿ ਗੁਰਮਤਿ ਸੰਕਲਪਾਂ ਦਾ ਸੰਖੇਪ ਅਧਿਐਨ | (੧×੧੫) | ੧੫ |
| (ਕ) ੧੯੮੦ ਤੋਂ ਬਾਅਦ ਵਾਪਰੀਆਂ ਸਿੱਖ ਧਰਮ ਨਾਲ ਸਬੰਧਤ<br>ਘਟਨਾਵਾਂ ਬਾਰੇ ਵਿਸਥਾਰ ਸਹਿਤ ਆਮ ਜਾਣਕਾਰੀ ਦਿਓ | (੧×੧੦) | ੧੦ |

**(ਹਵਾਲਾ ਪੁਸਤਕ ਗੁਰਮਤਿ ਗਿਆਨ ਭਾਗ ਚੌਥਾ ਪ੍ਰਕਾਸ਼ਿਤ ਧਰਮ ਪ੍ਰਚਾਰ ਕਮੇਟੀ)।**

* * *

ੴ ਵਾਹਿਗੁਰੂ ਜੀ ਕੀ ਫ਼ਤਹ ॥

ਫ਼ੋਨ-0183-2553957,58,59 Ext. 305
(ਫੈਕਸ) 0183-2553919
ਈ-ਮੇਲ :religiousexam@gmail.com

ਦਰਜਾ...............ਸਾਲ...........

# ਦਾਖ਼ਲਾ ਫ਼ਾਰਮ

## (ਧਾਰਮਿਕ ਪ੍ਰੀਖਿਆ)

ਫ਼ੀਸ ਰਸੀਦ ਨੰ:__________ਮਿਤੀ____________

# ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ।

ਸਕੂਲ/ਕਾਲਜ ਦਾ ਨਾਮ..........................................................................................ਤਹਿ:..............ਜ਼ਿਲ੍ਹਾ..................ਰਾਜ..............ਮੋਬਾਇਲ.................

| ਲੜੀ ਨੰ: | ਵਿਦਿਆਰਥੀ ਦਾ ਨਾਮ | Student's Name | ਪਿਤਾ ਦਾ ਨਾਮ | Father's Name | ਕਲਾਸ | ਦਸਤਖ਼ਤ ਵਿਦਿਆਰਥੀ | ਵਿਦਿਆਰਥੀ/ਮਾਤਾ ਪਿਤਾ ਦਾ ਮੋਬਾਇਲ ਨੰਬਰ |
|---|---|---|---|---|---|---|---|
| | | | | | | | |
| | | | | | | | |
| | | | | | | | |
| | | | | | | | |
| | | | | | | | |
| | | | | | | | |
| | | | | | | | |
| | | | | | | | |
| | | | | | | | |
| | | | | | | | |
| | | | | | | | |
| | | | | | | | |

E-mail: ਸਕੂਲ/ਕਾਲਜ__________________________________________

ਮੈਂ ਦਾਖ਼ਲਾ ਫ਼ਾਰਮ ਹਰ ਪੱਖੋਂ ਘੋਖ ਲਿਆ ਹੈ।

**ਤਸਦੀਕ ਹੈ ।**

ਨੋਟ: 1. ਦਾਖਲਾ ਫਾਰਮ ਪੰਜਾਬੀ ਅਤੇ ਅੰਗ੍ਰੇਜ਼ੀ ਅੱਖਰਾਂ 'ਚ ਸਾਫ਼ ਅਤੇ ਸਪੱਸ਼ਟ ਭਰਿਆ ਜਾਵੇ।
2. ਫਾਰਮ ਜਮ੍ਹਾਂ ਕਰਾਉਣ ਦੀ ਆਖ਼ਰੀ ਤਾਰੀਖ਼ 30 ਸਤੰਬਰ ਹੈ ।
3. ਫਾਰਮ ਵਿੱਚ ਵਿਦਿਆਰਥੀਆਂ ਦੇ ਨਾਮ ਕਲਾਸ ਵਾਈਜ਼ ਭਰੇ ਜਾਣ ।

ਦਸਤਖ਼ਤ ਤਿਆਰ ਕਰਤਾ

ਪ੍ਰਿੰਸੀਪਲ ਸਕੂਲ/ਕਾਲਜ,
(ਦਸਤਖ਼ਤ ਤੇ ਮੋਹਰ)

ਸੁਪਰਵਾਈਜ਼ਰ ਧਾਰਮਿਕ ਪ੍ਰੀਖਿਆ

ਇੰਚਾਰਜ ਧਾਰਮਿਕ ਪ੍ਰੀਖਿਆ

# **ਮੰਗ ਪੱਤਰ**

ਸਕੱਤਰ ਸਾਹਿਬ,
ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

**ਪ੍ਰਯੋਜਨ:- ਧਾਰਮਿਕ ਪ੍ਰੀਖਿਆ ਦਾ ਵਜ਼ੀਫਾ ਭੇਜਣ ਸਬੰਧੀ।**

ਸ੍ਰੀ ਮਾਨ ਜੀ,

ਸਾਡੇ ਸਕੂਲ/ਕਾਲਜ______________________________________________ ਦੇ ਵਿਦਿਆਰਥੀਆਂ ਨੇ ਹੇਠ ਲਿਖੇ ਅਨੁਸਾਰ ਵਜ਼ੀਫੇ ਪ੍ਰਾਪਤ ਕੀਤੇ ਹਨ:-

| ਦਰਜਾ | ਗਿਣਤੀ ਵਿਦਿਆਰਥੀ | ਰਕਮ ਵਜ਼ੀਫਾ | ਜੋੜ ਰਕਮ |
|---|---|---|---|
| ਪਹਿਲਾ | | | |
| ਦੂਜਾ | | | |
| ਤੀਜਾ | | | |
| ਚੌਥਾ | | | |
| | | ਕੁਲ ਰਕਮ | |

ਤਸਦੀਕ ਕਰਕੇ ਆਪ ਜੀ ਦੀ ਸੇਵਾ ਵਿੱਚ ਭੇਜੇ ਜਾ ਰਹੇ ਹਨ। ਆਪ ਜੀ ਨੇ ਉਪ੍ਰੋਕਤ ਵਜ਼ੀਫੇ ਦੀ ਰਕਮ ਬੈਂਕ ਅਕਾਊਂਟ ਨੰ: ____________________ ਬੈਂਕ ਦਾ ਨਾਮ____________________ਪਿੰਡ/ ਸ਼ਹਿਰ ਦਾ ਨਾਮ ਪੁਰ ______________ ਦਾ ਚੈਕ/ ਡਰਾਫਟ ਬਣਉਣ ਜਾਂ ਨਗਦ ਦੇਣ ਦੀ ਖੇਚਲ ਕਰਨੀ ।

ਧੰਨਵਾਦ ਸਹਿਤ,

ਸ਼ੁਭਚਿੰਤਕ,

ਮੁਖ ਅਧਿਆਪਕ/ ਪ੍ਰਿੰਸੀਪਲ,
ਸਕੂਲ / ਕਾਲਜ।

ੴ ਵਾਹਿਗੁਰੂ ਜੀ ਕੀ ਫ਼ਤਹ॥

# ਵਜ਼ੀਫਾ ਫਾਰਮ

ਮੈਂ ਤਸਦੀਕ ਕਰਦਾ / ਕਰਦੀ ਹਾਂ ਕਿ................................ਸਪੁੱਤਰ / ਸਪੁਤਰੀ ਸ੍ਰ. ..................................ਕਲਾਸ..............ਦਾ / ਦੀ ਵਿਦਿਆਰਥੀ / ਵਿਦਿਆਰਥਣ ਹੈ / ਸੀ। ਇਹ.........................................................ਸਕੂਲ ਵਿਚੋਂ ਪਾਸ ਹੋਕੇ ਹੁਣ.....................................................ਵਿਖੇ ਕਲਾਸ......ਪੜ੍ਹਦਾ / ਪੜ੍ਹਦੀ ਹੈ ਅਤੇ ਇਹ ਸਕੂਲ / ਕਲਜ ਅਤੇ ਯੂਨੀਵਰਸਿਟੀ ਦਾ / ਦੀ ਬਕਾਇਦਾ (ਬੋਨਾਫਾਈਡ) ਵਿਦਿਆਰਥੀ / ਵਿਦਿਆਰਥਣ ਰਿਹਾ / ਰਹੀ ਹੈ।

ੳ) ਕੀ ਇਹ ਅੰਮ੍ਰਿਤਧਾਰੀ ਹੈ ? ☒ ☑ ☐

ਅ) ਕੀ ਇਹ ਨਿਤਨੇਮੀ ਅਤੇ ਮਿਹਨਤੀ ਹੈ ? ☒ ☑ ☐

ੲ) ਕੀ ਇਸ ਦਾ ਚਾਲ ਚਲਣ ਠੀਕ ਹੈ ? ☒ ☑ ☐

ਸ) ਕੀ ਇਸ ਵਿਦਿਆਰਥੀ ਨੇ ਪਹਿਲਾਂ ਇਸ ਦਰਜੇ ਵਿਚ ਵਜ਼ੀਫਾ ਲਿਆ ਹੈ ? ☒ ☑ ☐

ਕ) ਇਸ ਨੇ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ) ਵੱਲੋਂ ਸਾਲ 20_____ ਵਿਚ ਹੋਈ ਧਾਰਮਿਕ ਪ੍ਰੀਖਿਆ ਦੇ ਦਰਜਾ ਪਹਿਲਾ / ਦੂਜਾ/ ਤੀਜਾ / ਚੌਥਾ ਵਿਚੋਂ ਰੋਲ ਨੰਬਰ........... ਰਾਹੀਂ..............ਅੰਕ ਪ੍ਰਾਪਤ ਕਰਕੇ..............)× ਅੱਖਰੀਂ..............................................................ਕੇਵਲ ਇੱਕ ਸਾਲ ਲਈ ਵਜ਼ੀਫਾ ਪ੍ਰਾਪਤ ਕੀਤਾ ਹੈ।

ਦਸਤਖਤ ਵਿਦਿਆਰਥੀ / ਵਿਦਿਆਰਥਣ..................

**ਪ੍ਰਿੰਸੀਪਲ,**

ਦਫਤਰੀ ਰੀਕਾਰਡ ਅਨੁਸਾਰ ਠੀਕ ਹੈ।

ਮਲਾਨ ਕਲਰਕ,
ਧਾਰਮਿਕ ਪ੍ਰੀਖਿਆ।

ਰੀਪੋਰਟ ਤਸਦੀਕ ਹੈ।

ਈ.ਸੀ. / ਸੀ.ਸੀ.,
ਧਾਰਮਿਕ ਪ੍ਰੀਖਿਆ।